THURSTON MASON
Behavioral Health Organization

# ਵਤੀਰੇ ਸਬੰਧੀ ਸਿਹਤ ਦੇ ਹੱਕ

ਇਹ ਆਮ ਹੱਕ **ਸਾਰੇ ਵਿਅਕਤੀਆਂ** 'ਤੇ ਲਾਗੂ ਹੁੰਦੇ ਹਨ, ਇਸ 'ਤੇ ਵਿਚਾਰ ਕੀਤੇ ਬਿਨਾਂ ਕਿ ਕੋਈ ਵਿਅਕਤੀ Medicaid ਦਾ ਮੈਂਬਰ ਹੈ ਜਾਂ ਨਹੀਂ ਅਤੇ ਇਹਨਾਂ ਵਿੱਚ ਸ਼ਾਮਲ ਹਨ:

- ਲਾਗੂ ਹੋਣ ਵਾਲੇ ਸਾਰੇ ਵਿਧਾਨਕ ਅਤੇ ਸੰਵਿਧਾਨਕ ਹੱਕ;
- ਨਸਲ, ਮਤ, ਰਾਸ਼ਟਰੀ ਮੂਲ, ਧਰਮ, ਲਿੰਗ, ਜਿਨਸੀ ਝੁਕਾਅ, ਉਮਰ ਜਾਂ ਅਸਮਰਥਤਾ ਵੱਲ ਧਿਆਨ ਦਿੱਤੇ ਬਿਨਾਂ ਸੇਵਾਵਾਂ ਪ੍ਰਾਪਤ ਕਰਨੀਆਂ;
- ਪਸੰਦ ਦੇ ਧਰਮ ਦੀ ਪਾਲਣਾ ਕਰਨੀ ਜਦੋਂ ਤੱਕ ਕਿ ਇਹ ਪਾਲਣਾ ਹੋਰਨਾਂ ਦੇ ਹੱਕਾਂ ਅਤੇ ਇਲਾਜ ਜਾਂ ਇਲਾਜ ਸੇਵਾ ਦੀ ਉਲੰਘਣਾ ਨਹੀਂ ਕਰਦੀ। ਵਿਅਕਤੀਗਤ ਭਾਗੀਦਾਰਾਂ ਕੋਲ ਕਿਸੇ ਵੀ ਧਾਰਮਿਕ ਰਿਵਾਜ ਵਿੱਚ ਭਾਗ ਲੈਣ ਤੋਂ ਇਨਕਾਰ ਕਰਨ ਦਾ ਹੱਕ ਹੈ;
- ਸੰਵੇਦੀ ਜਾਂ ਸਰੀਰਕ ਅਸਮਰਥਤਾ, ਗੱਲਬਾਤ ਕਰਨ ਦੀ ਸੀਮਿਤ ਸਮਰੱਥਾ, ਅੰਗ੍ਰੇਜ਼ੀ ਵਿੱਚ ਸੀਮਿਤ ਨਿਪੁੰਨਤਾ, ਅਤੇ ਸਭਿਆਚਾਰਕ ਵਖਰਾਪਣ ਹੋਣ ਦੀ ਸੂਰਤ ਵਿੱਚ ਮੁਨਾਸਬ ਢੰਗ ਨਾਲ ਅਨੁਕੂਲਤਾ ਦੇਣੀ;
- ਸਤਿਕਾਰ, ਮਾਣ ਅਤੇ ਨਿੱਜਤਾ ਨਾਲ ਵਿਹਾਰ ਕੀਤਾ ਜਾਣਾ, ਸਿਵਾਏ ਇਸ ਗੱਲ ਦੇ ਕਿ ਸਟਾਫ ਅਦਾਰੇ ਵਿੱਚ ਵਰਜਿਤ ਚੀਜ਼ਾਂ ਨੂੰ ਰੱਖਣ ਜਾਂ ਵਰਤਣ ਦਾ ਪਤਾ ਲਗਾਉਣ ਅਤੇ ਇਹਨਾਂ ਦੀ ਰੋਕਥਾਮ ਲਈ ਮੁਨਾਸਬ ਤਲਾਸ਼ੀਆਂ ਲੈ ਸਕਦਾ ਹੈ;
- ਸਰੀਰਕ ਅਤੇ ਵਿੱਤੀ ਉਤਪੀੜਨ ਸਮੇਤ, ਜਿਨਸੀ ਉਤਪੀੜਨ ਜਾਂ ਸ਼ੋਸ਼ਣ ਤੋਂ ਆਜ਼ਾਦ ਰਹਿਣਾ;
- ਸਾਰੀ ਕਲਿਨਿਕਲ ਅਤੇ ਨਿੱਜੀ ਜਾਣਕਾਰੀ ਨਾਲ ਰਾਜ ਅਤੇ ਸੰਘ ਦੇ ਗੁਪਤਤਾ ਵਿਨਿਯਮਾਂ ਮੁਤਾਬਕ ਵਿਹਾਰ ਕੀਤਾ ਜਾਣਾ;
- ਪ੍ਰਸ਼ਾਸਕ ਜਾਂ ਮਨੋਨੀਤ ਵਿਅਕਤੀ ਦੀ ਹਾਜ਼ਰੀ ਵਿੱਚ ਤੁਹਾਡੇ ਕਲਿਨਿਕਲ ਰਿਕਾਰਡ ਦੀ ਸਮੀਖਿਆ ਕਰਨੀ ਅਤੇ ਤਬਦੀਲੀਆਂ ਜਾਂ ਸੋਧ ਕਰਨ ਦੀ ਬੇਨਤੀ ਦਾ ਮੌਕਾ ਦਿੱਤਾ ਜਾਣਾ;
- ਜੇ ਤੁਹਾਨੂੰ ਲੱਗਦਾ ਹੈ ਕਿ ਤੁਹਾਡੇ ਹੱਕਾਂ ਦੀ ਉਲੰਘਣਾ ਕੀਤੀ ਗਈ ਹੈ ਤਾਂ ਏਜੰਸੀ ਦੀ ਸ਼ਿਕਾਇਤ ਪ੍ਰਣਾਲੀ ਪ੍ਰਕਿਰਿਆਵਾਂ ਦੀ ਕਾਪੀ ਪ੍ਰਾਪਤ ਕਰਨੀ, ਅਤੇ ਏਜੰਸੀ, ਜਾਂ ਜੇ ਲਾਗੂ ਹੁੰਦਾ ਹੈ, ਵਿਹਾਰਾਤਮਕ ਸਿਹਤ ਸੰਗਠਨ (Behavioral Health Organization - BHO) ਕੋਲ ਸ਼ਿਕਾਇਤ ਦਾਇਰ ਕਰਨੀ;
- ਜਦੋਂ ਤੁਹਾਨੂੰ ਲੱਗਦਾ ਹੈ ਕਿ ਏਜੰਸੀ ਨੇ ਨਿਯੰਤ੍ਰਣ ਕਰਨ ਦੀ WAC ਲੋੜ ਦੀ ਉਲੰਘਣਾ ਕੀਤੀ ਹੈ ਤਾਂ ਡਿਪਾਰਟਮੈਂਟ ਦੇ ਕੋਲ ਸ਼ਿਕਾਇਤ ਦਾਇਰ ਕਰਨੀ; ਅਤੇ
- ਜ਼ਰੂਰੀ ਪੂਰਕ ਰਿਹਾਇਸ਼ (Necessary supplemental accommodation - NSA) ਸੇਵਾਵਾਂ ਉਹ ਸੇਵਾਵਾਂ ਹਨ ਜੋ ਤੁਹਾਨੂੰ ਮਾਨਸਿਕ, ਨਿਊਰੋਲੋਜਿਕਲ, ਸਰੀਰਕ ਜਾਂ ਸੰਵੇਦੀ ਵਿਗਾੜ ਜਾਂ ਅਜਿਹੀਆਂ ਹੋਰ ਸਮੱਸਿਆਵਾਂ ਹੋਣ 'ਤੇ ਮੁਹੱਈਆ ਕੀਤੀਆਂ ਜਾਂਦੀਆਂ ਹਨ ਜੋ ਤੁਹਾਨੂੰ ਪ੍ਰੋਗਰਾਮਾਂ ਦੇ ਫਾਇਦੇ ਲੈਣ ਤੋਂ ਉਸੇ ਤਰ੍ਹਾਂ ਰੋਕਦੀਆਂ ਹਨ ਜਿਸ ਤਰ੍ਹਾਂ ਨਾਲ ਬਗੈਰ ਵਿਗਾੜ ਵਾਲਾ ਕੋਈ ਵਿਅਕਤੀ ਉਹਨਾਂ ਨੂੰ ਲਵੇਗਾ। NSA ਸੇਵਾ ਵਿੱਚ ਹੇਠਾਂ ਦਿੱਤੀਆਂ ਗੱਲਾਂ ਸ਼ਾਮਲ ਹਨ ਪਰ ਇਹ ਇਹਨਾਂ ਤੱਕ ਹੀ ਸੀਮਿਤ ਨਹੀਂ ਹਨ:
  - ਫਾਰਮ ਭਰਨ ਅਤੇ ਸਾਡੇ ਕੋਲ ਜਮਾਂ ਕਰਵਾਉਣ ਦਾ ਇੰਤਜ਼ਾਮ ਕਰਨਾ ਜਾਂ ਇਸ ਲਈ ਮਦਦ ਮੁਹੱਈਆ ਕਰਨੀ;
  - ਉਹ ਜਾਣਕਾਰੀ ਦੇਣ ਜਾਂ ਲੈਣ ਵਿੱਚ ਤੁਹਾਡੀ ਮਦਦ ਕਰਨੀ ਜਿਸਦੀ ਸਾਨੂੰ ਯੋਗਤਾ ਬਾਰੇ ਫੈਸਲਾ ਕਰਨ ਜਾਂ ਜਾਰੀ ਕਰਨ ਲਈ ਲੋੜ ਹੁੰਦੀ ਹੈ;
  - ਜਾਰੀ ਬੈਨਿਫਿਟਾਂ ਲਈ ਬੇਨਤੀ ਕਰਨ ਵਿੱਚ ਤੁਹਾਡੀ ਮਦਦ ਕਰਨੀ;
  - ਜੇ ਤੁਸੀਂ ਅਪੌਇੰਟਮੈਂਟ ਜਾਂ ਆਖਰੀ ਮਿਤੀ ਖੁੰਝਾ ਦਿੰਦੇ ਹੋ, ਤਾਂ ਸਾਡੇ ਦੁਆਰਾ ਤੁਹਾਡੇ ਬੈਨਿਫਿਟਾਂ ਨੂੰ ਘਟਾਉਣ ਜਾਂ ਸਮਾਪਤ ਕਰਨ ਤੋਂ ਪਹਿਲਾਂ ਕਾਰਨ ਬਾਰੇ ਤੁਹਾਡੇ ਨਾਲ ਸੰਪਰਕ ਕਰਨਾ;
  - ਤੁਹਾਡੇ ਬੈਨਿਫਿਟਾਂ ਨੂੰ ਘਟਾਏ ਜਾਣ ਜਾਂ ਸਮਾਪਤ ਕਰਨ ਬਾਰੇ ਤੁਹਾਨੂੰ ਸਮਝਾਉਣਾ (WAC 388-418-0020 ਦੇਖੋ);
  - ਜੇ ਸਾਨੂੰ ਪਤਾ ਹੋਵੇ ਹੈ ਕਿ ਤੁਹਾਡੇ ਕੋਲ ਅਜਿਹਾ ਵਿਅਕਤੀ ਹੈ ਜੋ ਤੁਹਾਡੀ ਅਰਜ਼ੀ ਵਿੱਚ ਤੁਹਾਡੀ ਮਦਦ ਕਰਦਾ ਹੈ, ਤਾਂ ਉਸ ਨੂੰ ਉਸ ਸਮੇਂ ਸੂਚਿਤ ਕਰਨਾ ਜਦੋਂ ਸਾਨੂੰ ਜਾਣਕਾਰੀ ਦੀ ਲੋੜ ਹੁੰਦੀ ਹੈ ਜਾਂ ਜਦੋਂ ਅਸੀਂ ਤੁਹਾਡੇ ਬੈਨਿਫਿਟ ਘਟਾਉਣ ਜਾਂ ਸਮਾਪਤ ਕਰਨ ਲੱਗਦੇ ਹਾਂ;
  - ਨਿਰਪੱਖ ਸੁਣਵਾਈਆਂ ਲਈ ਬੇਨਤੀਆਂ ਵਿੱਚ ਤੁਹਾਡੀ ਸਹਾਇਤਾ ਕਰਨੀ;
  - ਲੋੜ ਪੈਣ 'ਤੇ ਸੁਰੱਖਿਆਤਮਕ ਭੁਗਤਾਨ ਮੁਹੱਈਆ ਕਰਨੇ; ਅਤੇ
  - ਬੇਨਤੀ ਕਰਨ 'ਤੇ, ਤੁਹਾਡੇ ਬੈਨਿਫਿਟਾਂ ਨੂੰ ਸਮਾਪਤ ਕਰਨ, ਮੁਲਤਵੀ ਕਰਨ ਜਾਂ ਘਟਾਉਣ ਬਾਰੇ ਆਪਣੇ ਫੈਸਲੇ ਦੀ ਸਮੀਖਿਆ ਕਰਨੀ।

ਇਹ <u>ਖਾਸ ਹੱਕ</u> ਸਿਰਫ **<u>Medicaid ਪ੍ਰਾਪਤਕਰਤਾਵਾਂ</u>** 'ਤੇ ਹੀ ਲਾਗੂ ਹੁੰਦੇ ਹਨ। Medicaid ਦੇ ਭਰਤੀ ਹੋਏ ਵਿਅਕਤੀ ਵੱਜੋਂ, ਸਾਰੇ ਹੱਕ - ਆਮ ਅਤੇ ਖਾਸ ਤੁਹਾਡੇ 'ਤੇ ਲਾਗੂ ਹੁੰਦੇ ਹਨ ਅਤੇ ਤੁਹਾਡੇ ਕੋਲ ਹੱਕ ਹੈ:

- ਮਾਣ, ਨਿੱਜਤਾ ਅਤੇ ਸਤਿਕਾਰ ਨਾਲ ਵਿਹਾਰ ਕੀਤਾ ਜਾਣਾ, ਅਤੇ ਇਲਾਜ ਦੇ ਬਦਲ ਅਤੇ ਵਿਕਲਪ ਅਜਿਹੇ ਢੰਗ ਨਾਲ ਪ੍ਰਾਪਤ ਕਰਨੇ ਜੋ ਤੁਹਾਡੀ ਸਥਿਤੀ ਲਈ ਢੁਕਵਾਂ ਹੋਵੇ।
- ਤੁਹਾਨੂੰ ਬਿਨਾਂ ਕਿਸੇ ਖਰਚ ਦੇ ਤਸਦੀਕਸ਼ੁਦਾ ਦੁਭਾਸ਼ੀਆ ਅਤੇ ਅਨੁਵਾਦਤ ਸਮੱਗਰੀ ਮੁਹੱਈਆ ਕੀਤਾ ਜਾਣਾ।
- ਸਲਾਨਾ ਤੌਰ 'ਤੇ ਜਾਂ ਜਦੋਂ ਤੁਹਾਨੂੰ ਲੋੜ ਹੋਵੇ, ਤੁਹਾਡੇ BHO ਵਿੱਚ ਵਿਹਾਰ ਸਬੰਧੀ ਸੇਵਾ ਪ੍ਰਦਾਤਾਵਾਂ ਦੇ ਨਾਮ, ਪਤਾ ਟੈਲੀਫੋਨ ਨੰਬਰ, ਅਤੇ ਪੇਸ਼ ਕੀਤੀਆਂ ਜਾਂਦੀਆਂ ਕੋਈ ਵੀ ਭਾਸ਼ਾਵਾਂ ਪ੍ਰਾਪਤ ਕਰਨੀਆਂ।
- ਉਮਰ ਅਤੇ ਸਭਿਆਚਾਰਕ ਪੱਖੋਂ ਢੁਕਵੀਆਂ ਸੇਵਾਵਾਂ ਪ੍ਰਾਪਤ ਕਰਨੀਆਂ।
- ਰੋਕ-ਮੁਕਤ (ਪਹੁੰਚਯੋਗ) ਸਥਾਨ 'ਤੇ ਸੇਵਾਵਾਂ ਪ੍ਰਾਪਤ ਕਰਨੀਆਂ।
- ਇਲਾਜ ਦੇ ਉਪਲਬਧ ਵਿਕਲਪਾਂ ਅਤੇ ਬਦਲਾਂ ਬਾਰੇ ਤੁਹਾਨੂੰ ਸਮਝਾਇਆ ਜਾਣਾ।
- ਜੇ ਤੁਹਾਡੀ ਉਮਰ ਵੀਹ ਸਾਲ ਜਾਂ ਇਸ ਤੋਂ ਘੱਟ ਹੈ ਤਾਂ WAC 182-534-0100 ਤਹਿਤ ਸ਼ੁਰੂਆਤੀ ਮਿਆਦੀ ਸਕ੍ਰੀਨ, ਨਿਦਾਨ ਅਤੇ ਇਲਾਜ (Early Periodic Screen, Siagnosis and Treatment - EPSDT) ਮੁਤਾਬਕ ਡਾਕਟਰੀ ਤੌਰ 'ਤੇ ਜ਼ਰੂਰੀ ਸੇਵਾਵਾਂ ਪ੍ਰਾਪਤ ਕਰਨੀਆਂ।
- ਤੁਸੀਂ ਜਿਹੜੀ ਜਾਣਕਾਰੀ ਅਤੇ Medicaid ਤਹਿਤ ਕਵਰ ਕੀਤੀਆਂ ਜਾਂਦੀਆਂ ਸੇਵਾਵਾਂ ਦੀ ਮੰਗ ਕਰਦੇ ਹੋ, ਉਸ ਨੂੰ ਆਪਣੀ ਪਸੰਦ ਦੀ ਭਾਸ਼ਾ ਜਾਂ ਫਾਰਮੇਟ ਵਿੱਚ ਪ੍ਰਾਪਤ ਕਰਨਾ।
- ਦੇਖਭਾਲ ਮਿਆਰਾਂ ਤੱਕ ਪਹੁੰਚ ਨਾਲ ਮੇਲ ਖਾਂਦੀਆਂ ਡਾਕਟਰੀ ਤੌਰ 'ਤੇ ਜ਼ਰੂਰੀ ਵਤੀਰੇ ਸਬੰਧੀ ਸਿਹਤ ਸੇਵਾਵਾਂ ਪ੍ਰਾਪਤ ਕਰਨੀਆਂ, ਜਿਨ੍ਹਾਂ ਨੂੰ ਫੈਡਰਲ ਸਰਕਾਰ ਨਾਲ ਆਪਣੇ ਪ੍ਰਬੰਧਤ ਦੇਖਭਾਲ ਛੋਟ ਵਿੱਚ ਵਿਭਾਗ ਦੁਆਰਾ ਸਵੀਕਾਰਿਆ ਜਾਂਦਾ ਹੈ। ਦੇਖਭਾਲ ਤੱਕ ਪਹੁੰਚ ਦੇ ਮਿਆਰ ਵਤੀਰੇ ਸਬੰਧੀ ਸਿਹਤ ਸੇਵਾਵਾਂ ਲਈ ਘੱਟੋ-ਘੱਟ ਮਿਆਰ ਅਤੇ ਯੋਗਤਾ ਮਾਪਦੰਡ ਮੁਹੱਈਆ ਕਰਦੇ ਹਨ ਅਤੇ ਵਤੀਰੇ ਸਬੰਧੀ ਸਿਹਤ ਅਤੇ ਰਿਕਵਰੀ (Division of Behavioral Health and Recovery - DBHR) ਵੈਬਸਾਈਟ ਦੀ ਵਿਹਾਰਾਤਮਕ ਸਿਹਤ ਪ੍ਰਸ਼ਾਸਨ (Behavioral Health Administration - BHA) ਡਿਵੀਜ਼ਨ 'ਤੇ ਉਪਲਬਧ ਹੁੰਦੀਆਂ ਹਨ।
- ਆਪਣੀ ਲੋੜ ਦੀਆਂ ਸੇਵਾਵਾਂ ਦੀ ਮਾਤਰਾ ਅਤੇ ਮਿਆਦ ਪ੍ਰਾਪਤ ਕਰਨੀ।
- ਆਪਣੇ ਅਤੇ ਆਪਣੇ ਬੱਚੇ, ਜੇ ਤੁਹਾਡੇ ਬੱਚੇ ਦੀ ਉਮਰ ਤੇਰ੍ਹਾਂ ਸਾਲਾਂ ਤੋਂ ਘੱਟ ਹੈ, ਲਈ ਕਿਸੇ ਵੀ ਸਮੇਂ ਕਿਸੇ ਵੀ ਕਾਰਨ ਕਰਕੇ ਵਿਹਵਾਰਾਤਮਕ ਸਿਹਤ ਦੇਖਭਾਲ ਪ੍ਰਦਾਤਾ ਨੂੰ ਚੁਣਨਾ ਅਤੇ/ਜਾਂ ਬਦਲਣਾ।
- ਤੁਹਾਡੇ ਡਾਕਟਰੀ ਜਾਂ ਵਤੀਰੇ ਸਬੰਧੀ ਸਿਹਤ ਸੇਵਾਵਾਂ ਦੇ ਰਿਕਾਰਡਾਂ ਦੀ ਨਕਲ ਲਈ ਬੇਨਤੀ ਕਰਨ ਅਤੇ ਇਹ ਪ੍ਰਾਪਤ ਕਰਨੀ, ਅਤੇ ਨਕਲ ਕਰਨ ਦੇ ਖਰਚੇ ਬਾਰੇ ਦੱਸਿਆ ਜਾਣਾ।
- BHO ਅਤੇ ਵਤੀਰੇ ਸਬੰਧੀ ਸਿਹਤ ਏਜੰਸੀ ਦੀਆਂ ਨੀਤੀਆਂ ਅਤੇ ਪ੍ਰਕਿਰਿਆਵਾਂ ਲਈ ਬੇਨਤੀ ਕਰਨੀ ਅਤੇ ਇਹਨਾਂ ਨੂੰ ਪ੍ਰਾਪਤ ਕਰਨਾ ਕਿਉਂਕਿ ਉਹ ਤੁਹਾਡੇ ਹੱਕਾਂ ਨਾਲ ਸਬੰਧਤ ਹੁੰਦੇ ਹਨ।
- ਇਲਾਜ ਦੇ ਫੈਸਲਿਆਂ ਵਿੱਚ ਭਾਗ ਲੈਣਾ, ਜਿਸ ਵਿੱਚ ਇਲਾਜ ਤੋਂ ਇਨਕਾਰ ਕਰਨ ਦਾ ਹੱਕ ਵੀ ਸ਼ਾਮਲ ਹੈ।
- ਤੁਹਾਡੇ ਨੈਟਵਰਕ ਅੰਦਰ ਯੋਗਤਾ-ਪ੍ਰਾਪਤ ਸਿਹਤ ਦੇਖਭਾਲ ਪੇਸ਼ੇਵਰ ਤੋਂ ਦੂਜੀ ਰਾਏ ਪ੍ਰਾਪਤ ਕਰਨੀ, ਜਾਂ ਭਰਤੀ ਵਿਅਕਤੀ ਲਈ ਤੁਹਾਡੇ 'ਤੇ ਕਿਸੇ ਖਰਚ ਦੇ ਬਿਨਾਂ, ਨੈਟਵਰਕ ਤੋਂ ਬਾਹਰ ਕਿਸੇ ਪੇਸ਼ੇਵਰ ਦਾ ਬੰਦੋਬਸਤ ਕਰਨਾ।
- ਲਿਖੀਆਂ ਗਈਆਂ ਸਾਰੀਆਂ ਦਵਾਈਆਂ ਅਤੇ ਸੰਭਾਵੀ ਮਾੜੇ ਪ੍ਰਭਾਵਾਂ ਬਾਰੇ ਸਪਸ਼ਟੀਕਰਨ ਪ੍ਰਾਪਤ ਕਰਨ ਦਾ।
- ਤੁਹਾਡੇ ਦੁਆਰਾ ਐਮਰਜੈਂਸੀ ਜਾਂ ਅਤੀ-ਜ਼ਰੂਰੀ ਦੇਖਭਾਲ ਜਾਂ ਸੰਕਟਕਾਲੀ ਸੇਵਾਵਾਂ, ਜਿਨ੍ਹਾਂ ਦੇ ਨਤੀਜੇ ਵੱਜੋਂ ਹਸਪਤਾਲ ਵਿੱਚ ਦਾਖਲ ਕਰਨਾ ਪੈਣਾ ਹੈ, ਪ੍ਰਾਪਤ ਕਰਨ ਤੋਂ ਬਾਅਦ ਸਥਿਰ ਕਰਨ ਤੋਂ ਬਾਅਦ ਵਾਲੀਆਂ ਸੇਵਾਵਾਂ ਪ੍ਰਾਪਤ ਕਰਨੀਆਂ।
- ਐਮਰਜੈਂਸੀ ਜਾਂ ਅਤੀ-ਜ਼ਰੂਰੀ ਦੇਖਭਾਲ ਜਾਂ ਸੰਕਟਕਾਲੀ ਸੇਵਾਵਾਂ ਪ੍ਰਾਪਤ ਕਰਨੀਆਂ।
- BHO ਤੋਂ ਬਾਹਰ ਡਾਕਟਰੀ ਤੌਰ 'ਤੇ ਜ਼ਰੂਰੀ ਵਤੀਰੇ ਸਬੰਧੀ ਮਿਆਰੀ ਸਿਹਤ ਸੇਵਾਵਾਂ ਪ੍ਰਾਪਤ ਕਰਨੀਆਂ, ਜੇ ਉਹ ਸੇਵਾਵਾਂ BHO ਅੰਦਰ ਢੁਕਵੇਂ ਢੰਗ ਨਾਲ ਅਤੇ ਸਮੇਂ ਸਿਰ ਮੁਹੱਈਆ ਨਹੀਂ ਕਰਵਾਈਆਂ ਜਾ ਸਕਦੀਆਂ।
- ਡਾਕਟਰੀ ਅਗਾਊਂ ਨਿਰਦੇਸ਼ਾਂ ਬਾਰੇ ਜਾਣਕਾਰੀ ਪ੍ਰਾਪਤ ਕਰਨੀ ਜੋ ਕਿ ਮਾਨਸਿਕ ਸਿਹਤ ਦੇਖਭਾਲ ਲਈ ਤੁਹਾਡੀਆਂ ਚੋਣਾਂ ਅਤੇ ਤਰਜੀਹਾਂ ਬਾਰੇ ਦੱਸਦੀ ਹੈ।
- ਸ਼ਿਕਾਇਤ ਜਾਂ ਅਪੀਲ ਦਾਇਰ ਕਰਨ ਵਿੱਚ ਤੁਹਾਡੀ ਮਦਦ ਲਈ ਵਤੀਰੇ ਸਬੰਧੀ ਸਿਹਤ ਓਮਬਡਸ ਦੁਆਰਾ ਸੇਵਾਵਾਂ ਪ੍ਰਾਪਤ ਕਰਨੀਆਂ।
- ਜੇ ਤੁਹਾਡੀ ਸ਼ਿਕਾਇਤ ਜਾਂ ਅਪੀਲ ਦਾ ਨਿਪਟਾਰਾ ਤੁਹਾਡੇ ਪੱਖ ਵਿੱਚ ਨਹੀਂ ਹੁੰਦਾ ਤਾਂ ਪ੍ਰਸ਼ਾਸਨਿਕ (ਨਿਰਪੱਖ) ਸੁਣਵਾਈ ਲਈ ਬੇਨਤੀ ਕਰਨੀ।

- ਕਾਰਵਾਈ ਦਾ ਨੋਟਿਸ ਪ੍ਰਾਪਤ ਕਰਨਾ ਤਾਂ ਜੋ ਤੁਸੀਂ BHO ਵੱਲੋਂ ਲਏ ਕਿਸੇ ਵੀ ਅਜਿਹੇ ਫੈਸਲੇ ਬਾਰੇ ਅਪੀਲ ਕਰ ਸਕੋ ਜੋ ਬੇਨਤੀ ਕੀਤੀ ਸੇਵਾ ਦੇ ਹੱਕ ਤੋਂ ਇਨਕਾਰ ਕਰਦਾ ਹੈ ਜਾਂ ਇਸ ਨੂੰ ਸੀਮਿਤ ਕਰਦਾ ਹੈ, ਜੋ ਪਹਿਲਾਂ ਤੋਂ ਅਧਿਕਾਰਤ ਸੇਵਾ ਨੂੰ ਘਟਾਉਂਦਾ ਹੈ, ਮੁਲਤਵੀ ਕਰਦਾ ਹੈ, ਜਾਂ ਸਮਾਪਤ ਕਰਦਾ ਹੈ, ਜਾਂ ਜੋ ਸੇਵਾ ਲਈ ਸਮੁੱਚੇ ਰੂਪ ਵਿੱਚ ਜਾਂ ਅੰਸ਼ਕ ਰੂਪ ਵਿੱਚ ਭੁਗਤਾਨ ਤੋਂ ਇਨਕਾਰ ਕਰਦਾ ਹੈ ਜਾਂ ਸਟੇਟ ਦੁਆਰਾ ਪਰਿਭਾਸ਼ਿਤ ਕੀਤੇ ਮੁਤਾਬਕ ਸਮੇਂ ਸਿਰ ਸੇਵਾਵਾਂ ਮੁਹੱਈਆ ਕਰਨ ਵਿੱਚ ਅਸਫਲ ਰਹਿੰਦਾ ਹੈ ਜਾਂ 42 CFR § 438.408(b) ਵਿੱਚ ਮੁਹੱਈਆ ਕੀਤੇ ਤੈਅ-ਸ਼ੁਦਾ ਸਮਿਆਂ ਅੰਦਰ ਕਾਰਵਾਈ ਕਰਨ ਵਿੱਚ ਅਸਫਲ ਰਹਿੰਦਾ ਹੈ।
- ਜਵਾਬੀ ਕਾਰਵਾਈ ਤੋਂ ਅਜ਼ਾਦ ਰਹਿਣਾ।
- ਜ਼ੋਰ-ਜ਼ਬਰਦਸਤੀ, ਅਨੁਸ਼ਾਸਨ, ਸੁਵਿਧਾ ਜਾਂ ਜਵਾਬੀ ਕਾਰਵਾਈ ਦੇ ਜ਼ਰੀਏ ਵੱਜੋਂ ਇਕੱਲਾ ਕੀਤੇ ਜਾਣ ਜਾਂ ਪ੍ਰਤਿਬੰਧਤ ਕੀਤੇ ਜਾਣ ਤੋਂ ਮੁਕਤ ਹੋਣਾ।
- BHO ਦੇ ਢਾਂਚੇ ਅਤੇ ਕੰਮਕਾਜ ਬਾਰੇ ਜਾਣਕਾਰੀ ਪ੍ਰਾਪਤ ਕਰਨੀ।
- ਭਰਤੀ ਨੋਟਿਸਾਂ, ਸੂਚਨਾਤਮਕ ਸਮੱਗਰੀਆਂ, ਸ਼ਿਕਾਇਤਾਂ, ਅਪੀਲਾਂ ਅਤੇ ਪ੍ਰਸ਼ਾਸਨਿਕ ਸੁਣਵਾਈਆਂ ਸਬੰਧੀ ਸਮੱਗਰੀਆਂ, ਅਤੇ BHO ਵੱਲੋਂ ਮੁਹੱਈਆ ਸੇਵਾਵਾਂ ਸਬੰਧੀ ਹਦਾਇਤਕਾਰੀ ਸਮੱਗਰੀਆਂ ਨੂੰ ਅਸਾਨੀ ਨਾਲ ਸਮਝ ਆਉਣ ਵਾਲੇ ਫਾਰਮੇਟ ਅਤੇ ਗੈਰ-ਅੰਗ੍ਰੇਜ਼ੀ ਭਾਸ਼ਾ, ਜਿਸ ਨੂੰ ਤਰਜੀਹ ਦਿੰਦੇ ਹੋ, ਵਿੱਚ ਪ੍ਰਾਪਤ ਕਰਨਾ।